This question paper contains **2** printed pages]

*Your Roll No..........................*

**2648**

**B.A. (PROGRAMME)/I** **D-II**

PUNJABI LANGUAGE (B)—Paper I

(Intermediate Punjabi)

*Time* : 3 *Hours* *Maximum Marks* : 100

*(Write your Roll No. on the top immediately on receipt of this question paper.)*

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

1. ਪੰਜਾਬ ਨੈਸ਼ਨਲ ਬੈਂਕ ਦੇ ਮੈਨੇਜਰ ਨੂੰ ਬੈਂਕ ਦੇ ਕਿਸੇ ਕਲਰਕ ਦੇ ਰੁੱਖੇ ਵਤੀਰੇ ਵਿਰੁੱਧ ਇਕ ਸ਼ਿਕਾਇਤੀ ਪੱਤਰ ਲਿਖੋ। (10)

ਜਾਂ

ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫੀਸ ਮੁਆਫ਼ੀ ਲਈ ਬਿਨੈ-ਪੱਤਰ ਲਿਖੋ ।

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਪੈਰਾ-ਰਚਨਾ ਕਰੋ : (15)

(i) ਹੰਕਾਰਿਆ ਸੋ ਮਾਰਿਆ ।

(ii) ਜੇ ਮਾਪੇ ਬੱਚਿਆਂ ਦੇ ਮਿੱਤਰ ਹੋਣ ।

(iii) ਪਹਾੜ ਦੀ ਸੈਰ ।

3. ਕਿਸੇ ਅਜਿਹੀ ਸਾਹਿਤਕ-ਰਚਨਾ (ਨਾਵਲ ਜਾਂ ਕਹਾਣੀ) ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ ਜੋ ਤੁਸੀਂ ਪਹਿਲਾਂ ਪੜ੍ਹੀ ਹੋਵੇ। ਪੜ੍ਹਕੀ ਹੈ । (15)

4. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਤੇ ਪੋਸਟਰ ਤਿਆਰ ਕਰੋ । (10)

(1) ਏਡਜ਼ ਤੋਂ ਬਚਾਉ ।

(2) ਪੁਸਤਕ ਮੇਲਾ

ਜਾਂ

ਆਪਣੇ ਮਕਾਨ ਨੂੰ ਵੇਚਨ ਲਈ ਇਸ਼ਤਿਹਾਰ ਦਿਉ ।

P.T.O.

5. ਹੇਠ ਦਿੱਤੇ ਸ਼ਬਦਾਂ ਦੇ ਸ਼ੁੱਧ ਰੂਪ ਦੱਸੋ ।

(i)ਵੈਹਰ, ਆਗਿਯਾ, ਨਾਯਕ, ਦੂੱਦ, ਅੰਬਰਸਰ (5)

(ii) ਹੇਠ ਲਿਖੇ ਸ਼ਬਦਾਂ ਦੇ ਵਿਆਕਰਣਕ ਰੂਪ ਬਦਲੋ । (5)

ਨੱਚਣਾ, ਪੜਨਾ, ਅਕਲ, ਵਿਗਾੜਨਾ, ਉਸਾਰਨਾ

(iii) ਹੇਠ ਲਿਖੇ ਅਗੇਤਰਾਂ ਤੇ ਪਿਛੇਤਰਾਂ ਦੀ ਮਦਦ ਨਾਲ ਦੋ-ਦੋ ਸ਼ਬਦ ਬਣਾਉ । (5)
ਅਣ, ਨਿਰ, ਦਾਰ, ਈਨ, ਵਾਨ

(iv)ਮੂਲ ਦੇ ਰਚਿਤ ਸ਼ਬਦ ਦਾ ਅੰਤਰ ਸਪਸ਼ਟ ਕਰਦਿਆ ਹੋਇਆ ਕੋਈ ਪੰਜ ਮੂਲ ਸ਼ਬਦ ਲਿਖੋ? (10)

ਜਾਂ

ਕੋਈ ਪੰਜ ਸ਼ਬਦ ਜੋੜਾਂ ਦੇ ਨੇਮ ਲਿਖੋ ।

6. ਆਪਣੇ ਬਾਰੇ ਜਾਣਕਾਰੀ ਦੇਣ ਲਈ ਦਸ ਵਾਕ ਲਿਖੋ । (10)

7. ਹੇਠ ਲਿਖੇ ਪੈਰੇ ਦਾ ਸਾਰਾਂਸ਼ ਲਿਖੋ । (15)

"ਸਮਾਂ ਇਕ ਮਹਾਨ ਖਜ਼ਾਨਾ ਹੈ। ਅਮਰੀਕਾ, ਜਪਾਨ ਵਿਚ ਮੀਂਹ ਹੋਵੇ, ਹਨ੍ਹੇਰਾ ਹੋਵੇ, ਠੰਡ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡੱਟ ਕੇ ਕੰਮ ਕਰਦਾ ਹੈ। ਦਫਤਰਾਂ ਵਿਚ, ਖੇਤਾਂ ਵਿਚ, ਕਾਰਖਾਨਿਆਂ ਵਿਚ, ਵਿਸ਼ੇਸ਼ ਛੁੱਟੀਆ ਸਾਲ ਵਿਚ ਸਮਾਂ ਚਾਰ-ਪੰਜ ਹੁੰਦੀਆਂ ਹਨ। ਸਾਡੇ ਦੇਸ਼ ਵਿਚ ਕਿੰਨ੍ਹੀਆਂ ਹੀ ਛੁੱਟੀਆਂ, ਕਿੰਨੇ ਥੋੜੇ ਘੰਟੇ ਕੰਮ, ਕਿੰਨਾਂ ਬੇ-ਦਿਲਾ ਕੰਮ ਤੇ ਫੇਰ ਸਵੇਰ-ਸ਼ਾਮ ਮੰਦਰਾਂ, ਗੁਰਦੁਆਰਿਆਂ ਵਿਚ ਭੀੜਾ, ਸਾਧੂਆਂ ਦੀ ਨਿੱਤ ਫੇਰੀ, ਮਰਨੇ, ਜੰਮਣੇ ਤੇ ਵਿਆਹ। ਕਿਸੇ ਹੋਰ ਦੇਸ਼ ਵਿਚ ਇਨ੍ਹਾਂ ਗੱਲਾਂ ਉਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਲਾਊਡ ਸਪੀਕਰਾਂ ਉਤੇ ਦਿਨ-ਰਾਤ ਧਰਮ ਨਹੀਂ, ਵਹਿਮ-ਭਰਮ ਪ੍ਰਚਾਰੇ ਜਾਂਦੇ ਹਨ। ਹੋਰਨਾਂ ਦੇਸ਼ਾਂ ਵਿਚ ਭਾਵੇਂ ਕਿੰਨੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਕੰਮ ਉਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤਕ ਡੱਟ ਕੇ ਕੰਮ ਕੀਤਾ ਜਾਂਦਾ ਹੈ। ਇਕ ਘੰਟਾ ਵਿਚਕਾਰ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਹੁੰਦੀ ਹੈ। ਇਹੀ ਕਾਰਣ ਹੈ ਕਿ ਉਨ੍ਹਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁਣਾਂ ਵਧੇਰੇ ਹੁੰਦੀ ਹੈ ।"